# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ: 3196

ਮਿਤੀ 04/11/2025

**ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ**
**ਸਮੂਹ ਏਡਿਡ ਕਾਲਜਾਂ ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ**

ਵਾਈਸ-ਚਾਂਸਲਰ ਸਾਹਿਬ ਦੀ ਇੱਛਾ ਅਨੁਸਾਰ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਏਡਿਡ ਕਾਲਜਾਂ ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਦੀ ਯੂਨੀਵਰਸਿਟੀ ਦੀਆਂ ਵੱਖ-ਵੱਖ functionaries ਦੇ ਅਧਿਕਾਰੀਆਂ ਨਾਲ ਇੱਕ ਇਕੱਤਰਤਾ Hybrid Mode ਦੁਆਰਾ ਵਾਈਸ ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 06.11.2025 (ਵੀਰਵਾਰ) ਨੂੰ ਬਾਅਦ ਦੁਪਹਿਰ 2:30 ਵਜੇ ਸਿੰਡੀਕੇਟ ਰੂਮ ਵਾਈਸ-ਚਾਂਸਲਰ ਦਫ਼ਤਰ ਵਿਖੇ ਕਰਵਾਈ ਜਾਣੀ ਹੈ, ਜਿਸ ਵਿਚ ਹੇਠ ਲਿਖੇ ਮੁੱਦਿਆਂ ਤੇ ਵਿਚਾਰ ਕੀਤੀ ਜਾਣੀ ਹੈ:

1) ਕਾਲਜ ਸੈਕਸ਼ਨ ਅਤੇ ਅੰਕੜਾ ਸੈੱਲ ਦੇ ਪੋਰਟਲਜ਼ ਤੇ ਡਾਟਾ ਅਪਡੇਟ ਕਰਨਾ।
2) ਏਡਿਡ ਪੋਸਟਾਂ ਤੇ ਨਿਯੁਕਤੀਆਂ ਸੰਬੰਧੀ standard operating procedures ਤੇ ਵਿਚਾਰ ਕਰਨੀ।
3) ਅਧਿਆਪਕਾਂ ਨੂੰ ਪੂਰਾ ਪੇ-ਸਕੇਲ ਦੇਣ ਅਤੇ ਉਹਨਾਂ ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤਰੱਕੀ ਲਈ ਲੋੜੀਂਦੇ ਪ੍ਰੋਗਰਾਮ ਲਗਾਉਣ ਹਿਤ ਛੁੱਟੀ ਦੇਣਾ ਸੁਨਿਸ਼ਚਿਤ ਕਰਨਾ।
4) ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਅਤੇ ਯੁਵਕ ਭਲਾਈ ਵਿਭਾਗਾਂ ਦੇ ਸਹਿਯੋਗ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਉਣ ਸੰਬੰਧੀ ਅਵਸਰ ਤਲਾਸ਼ਣੇ।
5) ਵਿਦਿਆਰਥੀਆਂ, ਖਾਸ ਕਰਕੇ ਪ੍ਰੋਫਸ਼ਨਲ ਕੋਰਸਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਪ੍ਰੋਫੈਸ਼ਨਲ ਡਿਵੈਲਪਮੈਂਟ ਅਤੇ ਉਹਨਾਂ ਲਈ ਰੁਜ਼ਗਾਰ ਦੇ ਅਵਸਰ ਤਲਾਸ਼ ਕਰਨ ਹਿਤ ਕਮੇਟੀਆਂ ਦਾ ਗਠਨ ਕਰਨਾ।
6) ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮਨੋਵਿਗਿਆਨਕ ਚੁਣੌਤੀਆਂ ਨਾਲ ਨਜਿੱਠਣ ਹਿਤ ਤਿਆਰੀ ਕਰਵਾਉਣਾ।
7) ਉੱਤਰ-ਕਾਪੀਆਂ ਦੇ ਮੁੱਲਾਂਕਣ, ਅਧਿਆਪਕਾਂ ਨੂੰ ਦਿੱਤੇ ਜਾਣ ਵਾਲੇ ਮਿਹਨਤਾਨੇ ਦੀ ਅਦਾਇਗੀ ਅਤੇ ਪ੍ਰੀਖਿਆਵਾਂ ਦੇ ਨਤੀਜੇ ਘੋਸ਼ਿਤ ਕਰਨ ਦੇ ਕਾਰਜ ਵਿਚ ਫੁਰਤੀ ਲਿਆਉਣਾ।
8) ਹੋਰ ਕੋਈ ਮੁੱਦਾ, ਚੇਅਰਮੈਨ ਸਾਹਿਬ ਦੀ ਇਜਾਜ਼ਤ ਨਾਲ।

ਆਪ ਜੀ ਨੂੰ ਬੇਨਤੀ ਹੈ ਕਿ ਉਕਤ ਇਕੱਤਰਤਾ ਵਿਚ ਸਮੇਂ ਸਿਰ ਪਹੁੰਚਣ ਜਾਂ ਔਨ ਲਾਈਨ ਵਿਧੀ ਰਾਹੀਂ ਜੁਆਇਨ ਕਰਨਾ ਸੁਨਿਸ਼ਚਿਤ ਕਰਨਾ ਜੀ। ਇਕੱਤਰਤਾ ਨੂੰ ਔਨ ਲਾਈਨ ਵਿਧੀ ਰਾਹੀਂ ਜੁਆਇਨ ਕਰਨ ਲਈ UR: https://meet.google.com/oop-gdcs-xnt

4/11/25

ਡਿਪਟੀ ਰਜਿਸਟਰਾਰ (ਕਾਲਜਾਂ)